# ਹਰ ਮਹੀਨੇ ਦੀ ੧੩ ਨੂੰ ਕਾਲਾ ਦਿਵਸ ਕਿਉਂ ਅਤੇ ਜਿੰਮੇਂਵਾਰ ਕੌਣ ???

ਦਮਦਮੀ ਟਕਸਾਲ, ਸੰਤ ਸਮਾਜ,
ਨਿਹੰਗ ਜੱਥੇਬੰਦੀਆਂ,
ਤਖ਼ਤਾਂ ਦੇ ਜੱਥੇਦਾਰ ਅਤੇ ਸ਼੍ਰੋਮਣੀ ਕਮੇਟੀ



ਜਿਨ੍ਹਾਂ ਨੇ ਰੱਲ ਕੇ ਮਿਤੀ ੧੧, ੧੨, ੧੩ ਨਵੰਬਰ ੨੦੦੬ ਨੂੰ ਪਿੰਡ ਦਿਆਲਪੁਰਾ ਭਾਈ ਕਾ ਬਠਿੰਡਾ ਵਿਖੇ ਇਕ ਫ਼ਤਿਹ ਦਿਵਸ ਨਾਂ ਦਾ ਸਮਾਗਮ ਕਰਣ ਦਾ ਐਲਾਨ ਸਤੰਬਰ ੨੦੦੬ ਨੂੰ ਅਖ਼ਬਾਰਾਂ ਵਿਚ ਇਸ਼ਤਿਹਾਰਾਂ ਰਾਹੀਂ ਕੀਤਾ। ਇਸ਼ਤਿਹਾਰ ਵਿਚ ਦਿੱਤੇ ਵੇਰਵੇ ਮੁਤਾਬਕ ਪਿੰਡ ਭਾਈ ਕਾ ਦਿਆਲਪੁਰਾ ਵਿਖੇ ੧੧, ੧੨, ੧੩ ਨਵੰਬਰ ੨੦੦੬ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕਰਕੇ ਅਖੰਡ ਪਾਠ ਦੇ ਭੋਗ ਪਾਏ ਜਾਣੇ ਸਨ। ਜਿਸ ਵਿਚ ਉਚੇਚੇ ਤੌਰ 'ਤੇ ਦਮਦਮੀ ਟਕਸਾਲ, ਨਿਹੰਗ ਸਿੱਖ ਜੱਥੇਬੰਦੀਆਂ, ਸੰਤ ਸਮਾਜ, ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਦੇ ਜੱਥੇਦਾਰ ਨੇ ਸ਼ਮੂਲੀਅਤ ਕਰਨੀ ਸੀ। ਇਸ ਸਾਰੇ ਅਖੌਤੀ ਸਮਾਗਮ ਦਾ ਵਿਰੋਧ ਪੰਥ ਦਰਦੀ ਵੀਰ-ਭੈਣਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਵਉਚਤਾ ਨੂੰ ਸਮਰਪਤ ਪੰਥਕ ਜੱਥੇਬੰਦੀਆਂ ਵੱਲੋਂ ਦੇਸ਼ਾਂ-ਵਿਦੇਸ਼ਾਂ ਵਿਚ ਸ਼ੁਰੂ ਹੋਇਆ ਅਤੇ ਨਾਲ ਹੀ ਖ਼ਾਸ ਤੌਰ 'ਤੇ ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਦੇ ਜੱਥੇਦਾਰਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਜਿਨ੍ਹਾਂ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਜਾ ਰਹੇ ਹੋ ਉਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕਰਣਾ ਪੰਥ ਪਰਵਾਣਤ ਸਿੱਖ ਰਹਿਤ ਮਰਿਆਦਾ ਦੀਆਂ ਉਲੰਘਣਾ ਹੋਵੇਗੀ, ਪਰ ਅਹੰਕਾਰ ਅਧੀਨ ਪੰਥ ਵਿਰੋਧੀ ਤਾਕਤਾਂ ਦੇ ਇਸ਼ਾਰੇ 'ਤੇ ਤਖ਼ਤਾਂ ਦੇ ਜਥੇਦਾਰਾਂ ਨੇ ਪੰਥ ਦਰਦੀਆਂ ਦੀ ਇਕ ਨਾ ਸੁਣੀ। ਜਿਸ ਕਰਕੇ ਪੰਥ ਦਰਦੀ ਵੀਰਾਂ-ਭੈਣਾਂ ਅਤੇ ਪੰਥਕ ਜੱਥੇਬੰਦੀਆਂ ਨੇ ਐਲਾਨ ਕੀਤਾ ਕਿ ਸਿੱਖ ਇਤਿਹਾਸ ਦੇ ਇਸ ਕਾਲੇ ਕਾਰਨਾਮੇ ਲਈ ਹਰ ਮਹੀਨੇ ਦੀ ੧੩ ਤਾਰੀਖ਼ ਨੂੰ ਕਾਲੇ ਦਿਵਸ ਦੇ ਰੂਪ ਵਿਚ ਉਦੋਂ ਤਕ ਮਨਾਇਆ ਜਾਵੇਗਾ ਜਦ ਤਕ ਇਹ ਸਭ ਗੁਰੂ ਦੋਖੀ ਜਨਤਕ ਤੌਰ 'ਤੇ ਗੁਰੂ ਪੰਥ ਤੋਂ ਅਪਣੀ ਇਸ ਵੱਡੀ ਭੁੱਲ ਦੀ ਮਾਫ਼ੀ ਨਹੀਂ ਮੰਗ ਲੈਂਦੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਸਦੀਵੀ ਕਾਇਮ ਕਰਣ ਲਈ ਤ੍ਰਿਯਾ ਚਰਿਤ੍ਰ ਵਰਗੀਆਂ ਅਸ਼ਲੀਲ ਰਚਨਾਵਾਂ ਨਾਲ ਭਰਪੂਰ ਪੁਸਤਕ ਬਚਿਤਰ ਨਾਟਕ ਅਖੌਤੀ ਦਸਮ ਗ੍ਰੰਥ) ਦਾ ਪ੍ਰਕਾਸ਼ ਗੁਰੂ ਅਸਥਾਨਾਂ ਤੋਂ ਹਟਾ ਨਹੀਂ ਲਿਆ ਜਾਂਦਾ।

# ਕੁਝ ਸ਼ਰਮ ਕਰੋ ! ਗੰਦੀਆਂ ਸਿੱਖਿਆਵਾਂ ਦਾ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਾ ਬਣਾਓ

## ਜਿਸ ਅਖੌਤੀ ਦਸਮ ਗ੍ਰੰਥ/ਬਚਿੱਤਰ ਨਾਟਕ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰ ਕੇ ਮੱਥੇ ਟਿਕਵਾਏ ਜਾਂਦੇ ਹਨ ਉਸ ਵਿਚ ਧੀਆਂ-ਭੈਣਾਂ ਨੂੰ ਅਪਣੇ ਯਾਰ ਨਾਲ ਘਰੋਂ ਭੱਜ ਜਾਣ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ।

## ਮੁਟਿਆਰ ਰੁਦ੍ਰਕਲਾ ਦੀ ਸ਼ਰਮਨਾਕ ਕਾਮ ਕਲਾ (ਚਰਿਤ੍ਰ ੧੧੯, ਕੁਲ ਬੰਦ ੨੩, ਅਖੌਤੀ ਦਸਮ ਗ੍ਰੰਥ ਪੰਨਾ ੯੯੩ ਤੋਂ ੯੯੫ ਤਕ)

ਤਿਰਹੁਤਪੁਰ ਦੀ ਰਾਣੀ ਜੰਤ੍ਰਕਲਾ ਦੀ ਧੀ ਰੁਦ੍ਰਕਲਾ ਇਕ ਨੌਜੁਆਨ ਸੰਬਰਾਤ੍ਰਿ ਦੀ ਖੂਬਸੂਰਤੀ ਨੂੰ ਨਾ ਝਲ ਸਕੀ ਅਤੇ ਹੋਸ਼ ਹਵਾਸ ਗਵਾ ਬੈਠੀ ਉਸਨੇ ਉਕਤ ਨੌਜੁਆਨ ਨੂੰ ਘਰ ਬੁਲਾ ਲਿਆ ਅਤੇ ਦਿਲ ਖੋਲ ਕੇ ਉਸ ਨਾਲ ਸੰਭੋਗ ਕੀਤਾ। ਤਰ੍ਹਾਂ ਤਰ੍ਹਾਂ ਦੇ ਆਸਨ ਅਤੇ ਬੇਸ਼ਰਮੀ ਦਾ ਨੰਗਾ ਨਾਚ ਕੀਤਾ। ਉਤੋਂ ਅਚਾਨਕ ਮਾਂ ਦੇ ਆ ਜਾਣ ਦੀ ਆਹਟ ਸੁਣ ਕੇ ਆਪਣੇ ਯਾਰ ਦੀ ਦਾੜ੍ਹੀ ਵਾਲ ਸਫਾ (Hair Remover) ਨਾਲ ਦੂਰ ਕਰਕੇ ਅਤੇ ਉਸਨੂੰ ਸ਼ਿੰਗਾਰ ਕਰਵਾ ਕੇ ਆਪਣੀ ਸਹੇਲੀ ਬਣਾ ਲਿਆ। ਅਪਣੇ ਯਾਰ ਨੂੰ ਧਰਮ ਭੈਣ ਦੱਸ ਕੇ ਰਾਜੇ ਅਤੇ ਰਾਣੀ ਤੋਂ ਉਸਨੂੰ ਬੇਅੰਤ ਧਨ ਵੀ ਦੁਆਇਆ। ਉਸਨੇ ਅਪਣੇ ਪਿਤਾ ਪਾਸ ਇਸ ਧਰਮ ਭੈਣ ਨੂੰ ਬਜ਼ਾਰ ਅਤੇ ਬਗੀਚੇ ਦੀ ਸੈਰ ਕਰਾਉਣ ਦਾ ਪ੍ਰਸਤਾਵ ਰੱਖਿਆ।

ਜਿਸ ਲਈ ਰਾਜੇ ਨੇ ਅੱਠ ਕਹਾਰ ਅਤੇ ਇਕ ਪਾਲਕੀ ਮੰਗਵਾਈ। ਕਵੀ (ਜੋ ਅਖੌਤੀ ਦਸਮ ਗ੍ਰੰਥ ਵਿਚ ਥਾਂ ਥਾਂ ਅਪਣੇ ਆਪ ਨੂੰ ਭੁਲਣਹਾਰ ਕਹਿੰਦਾ ਹੈ) ਦੂਜੀ ਵਾਰ ਇਸ ਦਾ ਨਾਂ ਮੰਤ੍ਰਕਲਾ ਲਿਖ ਗਿਆ ਹੈ। ਅਪਣੇ ਯਾਰ ਸੰਬਰਾਤ੍ਰਿ ਨੂੰ ਵਧੀਆ ਸ਼ਿੰਗਾਰ ਕਰਵਾ ਕੇ ਉਸ ਨਾਲ ਪਾਲਕੀ ਵਿਚ ਸਜ ਗਈ। ਪਾਲਕੀ ਦੇ ਪਰਦੇ ਦੇ ਦਿੱਤੇ ਗਏ।



**ਬੀਚ ਬਜ਼ਾਰ ਪਾਲਕੀ ਗਈ॥ਪਰਦਨ ਪਾਤਿ ਛੋਰ ਕੈ ਦਈ॥ ਤੇ ਕਾਹੂੰ ਕੋ ਦ੍ਰਿਸ਼ਟਿ ਨ ਆਵੈ॥**
**ਕੇਲ ਕਮਾਤ ਚਲੈ ਦੋਊ ਜਾਵੈ॥੧੬॥ਅਸ਼ਟ ਕਹਾਰਨ ਕੇ ਕੰਧ ਊਪਰ॥ ਜਾਂਘੈ ਲਈ ਮੀਤ ਭੁਜ ਦ੍ਵੈ ਪਰ॥੧੭॥**
**ਜਿਉਂ ਜਿਉਂ ਚਲੀ ਪਾਲਕੀ ਜਾਵੈ॥ ਤਿਉਂ ਪ੍ਰੀਤਮ ਚਟਕੈ ਚਟਕਾਵੈ॥੧੮॥ ਲਿਖ ਪਤੀਆ ਡੋਰੀ ਮਹਿ ਧਰੀ॥**
**ਮਾਤ ਪਿਤਾ ਤਨ ਇਹੈ ਉਚਰੀ॥੧੯॥ ਨਰ ਸੁੰਦਰ ਮੋਕੋ ਯਿਹ ਭਾਯੋ॥ ਤਾ ਤੇ ਮੈਂ ਯਿਹ ਚਰਿਤ੍ਰ ਬਨਾਯੋ॥੨੦॥**

ਅੱਠ ਕਹਾਰਾਂ ਵੱਲੋਂ ਚੁੱਕੀ ਪਾਲਕੀ ਵਿਚ ਅਪਣੇ ਯਾਰ ਸਮੇਤ ਬਜ਼ਾਰ ਵੱਲ ਤੁਰ ਪਈ ਅਤੇ ਹੱਦ ਦਰਜ਼ੇ ਦੀ ਬੇਸ਼ਰਮੀ ਦਾ ਮੁਜ਼ਾਹਿਰਾਂ ਕਰਦਿਆਂ ਬਜ਼ਾਰ ਵਿਚੋਂ ਲੰਘਦਿਆਂ ਅਪਣੇ ਯਾਰ ਨਾਲ ਸੰਭੋਗ ਵਾਲਾ ਮੰਦਾ ਕੰਮ ਸ਼ੁਰੂ ਕਰ ਦਿੱਤਾ। ਜਿਵੇਂ ਅੱਠ ਕਹਾਰ ਪਾਲਕੀ ਚਲਾਉਂਦੇ ਤਿਵੇਂ ਉਸਦਾ ਯਾਰ ਝਟਕੇ ਲਾਉਣ ਦੀ ਬੇਸ਼ਰਮੀ ਕਰਦਾ। ਇਤਨਾ ਹੀ ਨਹੀਂ, ਬਗੀਚੇ ਵਿਚ ਪਾਲਕੀ ਨੂੰ ਧਰਤੀ 'ਤੇ ਰਖਣ ਸਮੇਂ ਪਿਤਾ ਲਈ ਇਕ ਚਿੱਠੀ ਰਖ ਕੇ ਇਹ ਮੁੰਡਾ ਕੁੜੀ ਦੋਵੇਂ ਹੀ ਤਿੱਤਰ ਹੋ ਗਏ। ਕੁੜੀ ਉਕਤ ਨੌਜੁਆਨ ਨਾਲ ਭੱਜ ਨਿਕਲੀ ।

**ਜਾਗੋ ਸਿੱਖੋ ਜਾਗੋ !**
**ਫੈਸਲਾ ਕਰੋ ! ਦੱਸੋ –**

**ਕਿ ਇਸ ਅਸ਼ਲੀਲਤਾ ਭਰਪੂਰ ਅਖੌਤੀ ਦਸਮ ਗ੍ਰੰਥ/ਬਚਿੱਤਰ ਨਾਟਕ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਣਾ ਠੀਕ ਹੈ ?**

ਕਾਲਾ ਦਿਵਸ ਵਿਸ਼ੇਸ਼ : ੧੩ ਜੁਲਾਈ ੨੦੧੨

E-mail sikhaffairs@yahoo.com Website: www.thesikhaffairs.org